7.12.18 (E)

***This question paper contains 2 printed pages.***

Your Roll No. ..............................

*Sl. No. of Ques. Paper*: **2350A** **HC**

*Unique Paper Code* : **62121126**

*Name of Paper* : **(Core – MIL) (Punjābi) – IB Modern Punjābi Prose and Functional Punjābi**

*Name of Course* : **B.A. (Prog.) Punjābi CBCS**

*Semester* : **I**

*Duration* : **3 hours** *Maximum Marks* : **75**

*(Write your Roll No. on the top immediately on receipt of this question paper.)*

**(ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ।)**

ਵਾਰਤਕ ਦੀ ਪਰਿਭਾਸ਼ਾ ਦਸਦਿਆਂ ਇਸਦੇ ਗੁਣ-ਲੱਛਣਾਂ ਨਾਲ ਜਾਣ-ਪਛਾਣ ਕਰਾਓ।

ਜਾਂ

ਵਾਰਤਕ ਦੇ ਪੁਰਾਤਨ ਅਤੇ ਨਵੀਨ ਰੂਪਾਂ ਵਿਚਕਾਰ ਅੰਤਰ ਨੂੰ ਸਪਸ਼ਟ ਕਰੋ। 10

2. ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ਦੋ ਦੇ ਸੰਖੇਪ ਵਿਚ ਉੱਤਰ ਦਿਓ:-

   1. ਵਾਰਤਕ ਦਾ ਆਰੰਭ ਕਦੋਂ ਤੋਂ ਮੰਨਿਆ ਜਾਂਦਾ ਹੈ?

   2. ਪੰਜਾਬੀ ਵਾਰਤਕ ਦੇ ਕਿਹੜੇ-ਕਿਹੜੇ ਰੂਪ ਪ੍ਰਚਲਿਤ ਹਨ?

   3. ਪੁਰਾਤਨ ਕਾਲ ਅਤੇ ਆਧੁਨਿਕ ਕਾਲ ਦੇ ਪ੍ਰਮੁੱਖ ਵਾਰਤਕ-ਕਾਰਾਂ ਦੇ ਨਾਂ ਲਿਖੋ। 5+5=10

3. ਹੇਠ ਲਿਖੇ ਲੇਖਾਂ ਵਿਚੋਂ ਕਿਸੇ ਦੋ ਦਾ ਵਿਸ਼ੇਗਤ ਸਾਰ ਆਪਣੇ ਸ਼ਬਦਾਂ ਵਿਚ ਲਿਖੋ:-

   ਮੁਸਾਫ਼ਰ, ਦਰਿਆ ਤੇ ਪਰਿੰਦੇ, ਬਿਨਾਂ ਥੱਲੇ ਵਾਲਾ ਝੋਲਾ, ਅੰਤਰ ਮਨ ਦੇ ਬੂਹੇ, ਸੰਕਟ ਕਾਲ ਦੇ ਲੜਾਕੂ ਮੁਰਗੇ

   15

4. ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ਦੋ ਦਾ ਸੰਖੇਪ ਵਿਚ ਉੱਤਰ ਲਿਖੋ:-

   1. 'ਤਾਕਤ ਦਾ ਨਸ਼ਾ' ਲੇਖ ਤੋਂ ਕੀ ਸਬਕ ਮਿਲਦਾ ਹੈ?

   2. 'ਨਰਕ ਦੀ ਹਨੇਰੀ' ਵਿਚ ਨਰਕ ਤੋਂ ਕੀ ਭਾਵ ਹੈ?

   3. 'ਧੁੰਪ ਦਾ ਸਫ਼ਰ' ਵਿਚ ਲੇਖਕ ਕੀ ਕਹਿਣਾ ਚਾਹੁੰਦਾ ਹੈ? 5+5=10

5. ਨਾਂਵ ਕਿੰਨੀ ਪ੍ਰਕਾਰ ਦੇ ਹੁੰਦੇ ਹਨ? ਇਨ੍ਹਾਂ ਦੀਆਂ ਪ੍ਰਮੁੱਖ ਕਿਸਮਾਂ ਉਦਾਹਰਣਾਂ ਸਹਿਤ ਦੱਸੋ। 5

6. ਪੰਜਾਬੀ ਭਾਸ਼ਾ ਦੀਆਂ ਸਵਰ ਧੁਨੀਆਂ ਬਾਰੇ ਜਾਣਕਾਰੀ ਦਿਓ। 5



munotes.in

7. ਕਾਲਜ ਅੰਦਰ ਹੋਈ ਵਾਦ-ਵਿਵਾਦ ਪ੍ਰਤੀਯੋਗਤਾ ਸੰਬੰਧੀ ਇਕ ਸਮਾਚਾਰ ਰਿਪੋਰਟ ਤਿਆਰ ਕਰੋ। 10

8. ਨਿਮਨ ਲਿਖਤ ਪੈਰ੍ਹੇ ਨੂੰ ਸੰਖੇਪ ਕਰਕੇ ਲਿਖੋ ਅਤੇ ਕੋਈ ਢੁੱਕਵਾਂ ਸਿਰਲੇਖ ਵੀ ਦਿਓ:-

ਅਧਿਆਪਕ ਆਮ ਇਨਸਾਨ ਹੁੰਦੇ ਹੋਏ ਵੀ ਵੱਖ ਸ਼ਖ਼ਸੀਅਤ ਦਾ ਮਾਲਕ ਹੁੰਦਾ ਹੈ। ਉਹ ਪੜ੍ਹਿਆ ਲਿਖਿਆ, ਸਮਾਜ ਦੇ ਹੋਰਨਾਂ ਲੋਕਾਂ ਨਾਲੋਂ ਰਤਾ ਵੱਧ ਸਿਆਣਾ, ਸਾਦਾ, ਸਾਫ ਸਪਸ਼ਟ ਤੇ ਇਮਾਨਦਾਰ ਇਨਸਾਨ ਹੁੰਦਾ ਹੈ। ਉਹ ਜ਼ੁਬਾਨ ਦਾ ਮਿੱਠਾ, ਵਚਨ ਦਾ ਪੱਕਾ ਤੇ ਇਰਾਦੇ ਦਾ ਮਜ਼ਬੂਤ ਹੁੰਦਾ ਹੈ। ਉਹ ਜਾਣਦਾ ਹੈ ਕਿ ਸਮਾਜ ਇਸ ਤੋਂ ਵੱਧ ਉਸ ਨੂੰ ਕੀ ਇੱਜ਼ਤ ਦੇ ਸਕਦਾ ਹੈ ਜਦੋਂ ਉਹ ਆਪਣੇ ਭੋਲੇ ਭਾਲੇ, ਨਿੱਕੇ ਨਿੱਕੇ, ਅੱਖਾਂ ਦੇ ਨੂਰ ਜਿਗਰ ਦੇ ਟੁਕੜਿਆਂ ਅਰਥਾਤ ਬੱਚਿਆਂ ਨੂੰ ਉਸਦੇ ਸਪੁਰਦ ਕਰਕੇ ਬਿਲਕੁਲ ਬੇਫਿਕਰ ਹੋ ਜਾਂਦਾ ਹੈ। ਉਸ ਨੂੰ ਇਸ ਗੱਲ ਦਾ ਅਹਿਸਾਸ ਹੈ ਕਿ ਸਮਾਜ ਉਸ ਉੱਤੇ ਯਕੀਨ ਰੱਖਦਾ ਹੈ, ਉਸ ਉੱਤੇ ਭਰੋਸਾ ਕਰਦਾ ਹੈ ਕਿ ਜੋ ਵੀ ਉਹ ਬੱਚਿਆਂ ਨੂੰ ਦੱਸੇਗਾ, ਜਿਹੜੀਆਂ ਵੀ ਆਦਤਾਂ ਉਨ੍ਹਾਂ ਵਿਚ ਪਾਵੇਗਾ, ਉਹ ਬੱਚਿਆਂ ਅਤੇ ਮਾਪਿਆਂ ਦੋਹਾਂ ਵਾਸਤੇ ਲਾਭਦਾਇਕ ਹੋਣਗੀਆਂ। ਮਾਪੇ ਜਾਣਦੇ ਹਨ ਕਿ ਅਧਿਆਪਕ ਦੇ ਹੁੰਦਿਆਂ ਬੱਚਿਆਂ ਨੂੰ ਕੋਈ ਖਤਰਾ ਨਹੀਂ, ਡਰ ਨਹੀਂ, ਚਿੰਤਾ ਨਹੀਂ। ਅਧਿਆਪਕ ਬੱਚਿਆਂ ਦਾ ਰਾਖਾ ਵੀ ਹੈ ਤੇ ਰਹਿਬਰ ਵੀ ਹੈ। ਕੋਈ ਵੀ ਬੰਦਾ ਕੌਮ ਨੂੰ, ਉਸਦੇ ਬੱਚਿਆਂ ਨੂੰ ਸਿੱਖਿਆ ਦੇਣ, ਉਨ੍ਹਾਂ ਵਿਚ ਚੰਗੇ, ਇੱਜ਼ਤਦਾਰ, ਜ਼ਿਮੇਵਾਰ, ਪੜ੍ਹੇ ਲਿਖੇ, ਸੁਤੰਤਰਤਾ ਅਤੇ ਪਰਜਾਤੰਤਰ ਦੇ ਉੱਚੇ ਆਦਰਸ਼ਾਂ ਵਾਲੇ ਸ਼ਹਿਰੀ ਗੁਣ ਪੈਦਾ ਕਰਨ ਤੋਂ ਚੰਗੇਰੀ ਚੀਜ਼ ਕੀ ਦੇ ਸਕਦਾ ਹੈ। ਕਿੱਡਾ ਮਹਾਨ ਅਤੇ ਮਹੱਤਵਪੂਰਣ ਕੰਮ ਹੈ ਜੋ ਅਧਿਆਪਕ ਕਰਦਾ ਹੈ। ਕੰਮ ਦੇ ਮਹੱਤਵ ਦਾ ਅਹਿਸਾਸ ਹੀ ਅਧਿਆਪਕ ਨੂੰ ਵੱਧ ਤੋਂ ਵੱਧ ਜਾਣਕਾਰੀ ਪ੍ਰਾਪਤ ਕਰਨ ਦੀ ਤੇ ਬੱਚਿਆਂ ਦੇ ਸਾਹਮਣੇ ਆਪਣੀ ਮਿਸਾਲ ਚੰਗੇ ਆਦਰਸ਼ ਇਨਸਾਨ ਦੇ ਰੂਪ ਵਿਚ ਰੱਖਣ ਦੀ ਪ੍ਰੇਰਣਾ ਦਿੰਦਾ ਹੈ। ਇਸ ਲਈ ਅਧਿਆਪਕ ਉਹ ਇਨਸਾਨ ਹੈ ਜੋ ਜ਼ਿੰਦਗੀ ਭਰ ਪੜ੍ਹਦਾ ਰਹਿੰਦਾ ਹੈ।

10

200

munotes.in